# B.R.C. CONVENT SCHOOL

B.R.C.

Strive Harder Soar Higher

ਪੰਜਾਬੀ ਅਧਿਆਪਕ ਗੁਰਨਾਨਕ ਦਿੱਤਾ ਸਿੰਘ

Audio file

# ਸਮੁੱਚੇ ਵਿਦਿਆਰਥੀਆਂ ਲਈ ਕੰਮ ਜਮਾਤ ਅੱਠਵੀਂ ਤੋਂ ਦਸਵੀਂ ਤੱਕ

ਭਾਈ ਰੂਪ ਚੰਦ ਕਾਨਵੈਂਟ ਸਕੂਲ ਦੇ ਅੱਠਵੀਂ,ਨੌਵੀ ਅਤੇ ਦਸਵੀਂ ਦੇ ਵਿਦਿਆਰਥੀਆਂ ਲਈ ਭਾਰਤ ਲਾਕਡਾਊਨ ਹੋਣ ਤੇ ਪੰਜਾਬੀ ਵਿਸ਼ੇ ਦਾ ਕੰਮ ਜੋ ਵਿਆਕਰਨ ਨਾਲ ਸਬੰਧਤ ਹੈ । ਇਹ ਕੰਮ ਵਿਦਿਆਰਥੀ ਆਪਣੀ ਕਲਾਸ ਦੀ ਨੋਟ ਬੁੱਕ ਤੇ ਲਿਖਣਗੇ ਅਤੇ ਗਤੀਵਿਧੀ ਦੀ ਤੌਰ ਤੇ ਅੱਠਵੀ ਜਮਾਤ ਦੇ ਵਿਦਿਆਰਥੀ ਦੋ ਚਾਰਟ ਬਣਾਉਣਗੇ ।

ਆਨਲਾਈਨ ਜਮਾਤਾਂ ਦਾ ਕੰਮ ਸਿਰਫ ਦਸਵੀਂ,ਗਿਆਰਵੀ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ।
ਲਰਨ ਪੰਜਾਬੀ ਵਿਦ ਜਗਜੀਤ ਸਰ ਆਨਲਾਈਨ ਕਲਾਸਾਂ ਰਾਹੀਂ ਫਾਇਲ ਵਿੱਚ ਦਿੱਤੇ ਲਿੰਕ ਤੋਂ ਘੱਟੋ-ਘੱਟ ਦੋ ਲੈਸਨ ਲੈ ਕੇ ਪਾਠ - ਜਾਣਕਾਰੀ ਰੱਖਣਗੇ ਤੇ ਨੋਟ ਕਰਨਗੇ ਕਲਾਸਾਂ ਸ਼ੁਰੂ ਹੋਣ ਤੇ ਰੀਵਿਜਨ ਕਰਵਾਈ ਜਾਵੇਗੀ ਤੇ ਨੋਟ ਬੁਕਸ ਦੀ ਚੈਕਿੰਗ ਹੋਵੇਗੀ ।

**ਪਰਿਭਾਸ਼ਾ :-**

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਲੋੜ ਪੈਂਦੀ ਹੈ, ਉਹਨਾਂ ਨੂੰ ਵਿਆਕਰਨ ਕਿਹਾ ਜਾਂਦਾ ਹੈ।

**ਵਿਆਕਰਨ ਦੇ ਮੁੱਖ 4 ਭਾਗ ਹਨ :-**

1. ਧੁਨੀ-ਬੋਧ ( ਜਾਂ ਅੱਖਰ-ਬੋਧ )
2. ਸ਼ਬਦ-ਬੋਧ
3. ਅਰਥ-ਬੋਧ
4. ਵਾਕ-ਬੋਧ

**1. ਧੁਨੀ-ਬੋਧ ( ਜਾਂ ਅੱਖਰ-ਬੋਧ ) :-**

ਧੁਨੀ, ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੈ। ਬੋਲਣ ਵੇਲੇ ਮੂੰਹ ਵਿੱਚੋਂ ਨਿਕਲਣ ਵਾਲੀਆਂ ਅਵਾਜ਼ਾਂ ਨੂੰ ਧੁਨੀ ਆਖਦੇ ਹਨ। ਧੁਨੀਆਂ ਦੇ ਮੇਲ ਤੋਂ ਹੀ ਭਾਸ਼ਾ ਬਣਦੀ ਹੈ। ਧੁਨੀ ਨੂੰ ਲਿਖਤੀ ਰੂਪ ਦੇਣ ਲਈ ਜਿਹੜੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਨੂੰ ਅੱਖਰ ਆਖਦੇ ਹਨ।

**2. ਸ਼ਬਦ-ਬੋਧ :-**

ਧੁਨੀਆਂ ਦੇ ਸੁਮੇਲ ਤੋਂ ਸ਼ਬਦ ਬਣਦੇ ਹਨ। ਸ਼ਬਦ-ਬੋਧ ਰਾਹੀਂ ਸਾਨੂੰ ਅੱਖਰਾਂ ਅਤੇ ਲਗਾਂ ਦੇ ਸਹੀ ਮੇਲ ਨਾਲ ਸ਼ਬਦਾਂ ਦੇ ਨਿਰਮਾਣ ਦੀ ਜਾਣਕਾਰੀ ਮਿਲਦੀ ਹੈ।

**3. ਅਰਥ-ਬੋਧ :-**

ਅਰਥ-ਬੋਧ ਰਾਹੀਂ ਸਾਨੂੰ ਸ਼ਬਦਾਂ ਦੇ ਅਰਥ ਜਾਂ ਮਤਲਬ ਦੀ ਸਮਝ ਲੱਗਦੀ ਹੈ। ਇਸ ਰਾਹੀਂ ਵਿਰੋਧੀ ਸ਼ਬਦ, ਸਮਾਨਾਰਥਕ ਸ਼ਬਦ, ਬਹੁ-ਅਰਥਕ ਸ਼ਬਦ ਆਦਿ ਬਾਰੇ ਜਾਣਕਾਰੀ ਮਿਲਦੀ ਹੈ।

**4. ਵਾਕ-ਬੋਧ :-**

ਵਾਕ-ਬੋਧ ਰਾਹੀਂ ਸਾਨੂੰ ਸਹੀ ਸ਼ਬਦ ਜੋੜ ਦੁਆਰਾ ਵਾਕ-ਰਚਨਾ ਦੇ ਨਿਯਮਾਂ ਬਾਰੇ ਜਾਣਕਾਰੀ ਮਿਲਦੀ ਹੈ।

**ਪਰਿਭਾਸ਼ਾ :-**
ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਨੂੰ ਦੂਸਰੇ ਮਨੁੱਖਾਂ ਨਾਲ ਸਾਂਝਾ ਕਰਦਾ ਹੈ।

ਪੁਰਾਣੇ ਸਮੇਂ ਵਿੱਚ ਮਨੁੱਖ ਆਪਣੇ ਵਿਚਾਰ ਇਸ਼ਾਰਿਆਂ ਨਾਲ ਜਾਂ ਤਸਵੀਰਾਂ ਰਾਹੀਂ ਪ੍ਰਗਟ ਕਰਦਾ ਸੀ। ਹੌਲੀ-ਹੌਲੀ ਭਾਸ਼ਾ ਦਾ ਅਜੋਕਾ ਰੂਪ ਵਿਕਸਿਤ ਹੋਇਆ। ਲਿਪੀ ਦੇ ਵਿਕਸਿਤ ਹੋਣ ਨਾਲ ਭਾਸ਼ਾ ਨੂੰ ਮੌਖਿਕ ਤੋਂ ਲਿਖਤੀ ਰੂਪ ਮਿਲਿਆ।

**ਭਾਸ਼ਾ ਦੋ ਕਿਸਮਾਂ ਦੀ ਹੁੰਦੀ ਹੈ :-**
1. ਆਮ ਬੋਲ-ਚਾਲ ਦੀ ਭਾਸ਼ਾ
2. ਸਾਹਿਤਿਕ ਜਾਂ ਟਕਸਾਲੀ ਭਾਸ਼ਾ

**1. ਆਮ ਬੋਲ-ਚਾਲ ਦੀ ਭਾਸ਼ਾ :-**
ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਆਮ ਗੱਲ-ਬਾਤ ਕਰਨ ਸਮੇਂ ਕੀਤੀ ਜਾਂਦੀ ਹੈ, ਉਸਨੂੰ ਆਮ ਬੋਲ-ਚਾਲ ਦੀ ਭਾਸ਼ਾ ਕਿਹਾ ਜਾਂਦਾ ਹੈ। ਇਸ ਵਿੱਚ ਵਿਆਕਰਨ ਦੇ ਸਾਰੇ ਨਿਯਮਾਂ ਦੀ ਪਾਲਣਾ ਜਰੂਰੀ ਨਹੀਂ ਹੁੰਦੀ। ਇਸ ਭਾਸ਼ਾ ਜਾਂ ਬੋਲੀ ਵਿੱਚ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਕੁਝ ਅੰਤਰ ਵੇਖਣ ਨੂੰ ਮਿਲਦੇ ਹਨ।

**2. ਸਾਹਿਤਿਕ ਜਾਂ ਟਕਸਾਲੀ ਭਾਸ਼ਾ :-**
ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਲਿਖਣ ਸਮੇਂ ਕੀਤੀ ਜਾਂਦੀ ਹੈ, ਉਸਨੂੰ ਸਾਹਿਤਿਕ ਜਾਂ ਟਕਸਾਲੀ ਭਾਸ਼ਾ ਕਿਹਾ ਜਾਂਦਾ ਹੈ। ਇਹ ਵਿਆਕਰਨ ਦੇ ਨਿਯਮਾਂ ਵਿੱਚ ਬੱਝੀ ਹੁੰਦੀ ਹੈ। ਸਾਹਿਤ-ਰਚਨਾ ਇਸੇ ਭਾਸ਼ਾ ਰਾਹੀਂ ਕੀਤੀ ਜਾਂਦੀ ਹੈ।

**ਪਰਿਭਾਸ਼ਾ :-**
ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਦੇਣ ਲਈ ਜਿਹੜੇ ਅੱਖਰਾਂ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਸਮੂਹ ਨੂੰ ਲਿਪੀ ਆਖਦੇ ਹਨ।

ਹਰ ਭਾਸ਼ਾ ਦੀ ਆਪਣੀ-ਆਪਣੀ ਲਿਪੀ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ। ਇਸੇ ਤਰ੍ਹਾਂ ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿਪੀ ਰੋਮਨ ਹੈ।

**ਗੁਰਮੁਖੀ ਲਿਪੀ ਦੇ ਅੰਗ ਹੇਠ ਲਿਖੇ ਅਨੁਸਾਰ ਹਨ :-**

1. **ਵਰਨਮਾਲਾ :-** ਗੁਰਮੁਖੀ ਅੱਖਰਾਂ ਦੀ ਨਿਸ਼ਚਿਤ ਤਰਤੀਬ ਨੂੰ ਗੁਰਮੁਖੀ ਵਰਨਮਾਲਾ ਆਖਦੇ ਹਨ। ਗੁਰਮੁਖੀ ਵਰਨਮਾਲਾ ਦੇ ਪਹਿਲਾਂ 35 ਅੱਖਰ ਹੋਣ ਕਰਕੇ ਇਸਨੂੰ ਪੈਂਤੀ ਜਾਂ ਪੈਂਤੀ-ਅੱਖਰੀ ਕਿਹਾ ਜਾਂਦਾ ਸੀ। ਬਾਅਦ ਵਿੱਚ ਅਰਬੀ ਅਤੇ ਫ਼ਾਰਸੀ ਧੁਨੀਆਂ ਦੇ ਉਚਾਰਣ ਲਈ 6 ਅੱਖਰ ਹੋਰ ਸ਼ਾਮਿਲ ਕਰ ਲਏ ਗਏ ਹਨ। ਇਸ ਨਾਲ ਗੁਰਮੁਖੀ ਵਰਨਮਾਲਾ ਦੇ ਹੁਣ ਕੁੱਲ੍ਹ 41 ਅੱਖਰ ਹਨ।

**ਮੁੱਖ ਵਰਗ :-** ੳ ਅ ੲ ਸ ਹ
**ਕ-ਵਰਗ :-** ਕ ਖ ਗ ਘ ਙ
**ਚ-ਵਰਗ :-** ਚ ਛ ਜ ਝ ਞ
**ਟ-ਵਰਗ :-** ਟ ਠ ਡ ਢ ਣ
**ਤ-ਵਰਗ :-** ਤ ਥ ਦ ਧ ਨ
**ਪ-ਵਰਗ :-** ਪ ਫ ਬ ਭ ਮ
**ਅੰਤਿਮ ਵਰਗ :-** ਯ ਰ ਲ ਵ ੜ
**ਨਵੀਨ ਵਰਗ :-** ਸ਼ ਖ਼ ਗ਼ ਜ਼ ਫ਼ ਲ਼

2. **ਸਵਰ :-** ਇਹ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਣ ਅੰਗ ਕੋਈ ਵੀ ਰੁਕਾਵਟ ਨਹੀਂ ਪਾਉਂਦੇ। ਅਵਾਜ਼ ਬਿਨਾਂ ਰੁਕਾਵਟ ਮੂੰਹ ਵਿੱਚੋਂ ਬਾਹਰ ਨਿਕਲਦੀ ਹੈ। ੳ,ਅ,ੲ ਤਿੰਨ ਸਵਰ ਅੱਖਰ ਹਨ। ਪਰ ਉਚਾਰਣ ਪੱਖੋਂ ਸਵਰ-ਧੁਨੀਆਂ 10 ਹਨ।

ਅ ਆ ਇ ਈ ਉ ਊ ਏ ਐ ਓ ਔ

3. **ਵਿਅੰਜਨ :-** ਇਹ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਣ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਦੇ ਸਮੇਂ ਜੀਭ ਤਾਲੂ ਨਾਲ ਜਾਂ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਜਾਂ ਬੁੱਲ੍ਹ ਆਪਸ 'ਚ ਛੂੰਹਦੇ ਹਨ। ਤਿੰਨਾਂ ਸਵਰ ਅੱਖਰਾਂ 'ੳ', 'ਅ', 'ੲ' ਨੂੰ ਛੱਡ ਕੇ ਬਾਕੀ ਸਾਰੇ 'ਸ' ਤੋਂ 'ਲ਼' ਤੱਕ 38 ਵਿਅੰਜਨ ਹਨ।

4. **ਅਨੁਨਾਸਕੀ ਵਿਅੰਜਨ :-** ਇਹ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਣ ਸਮੇਂ ਕੁਝ ਅਵਾਜ਼ ਨੱਕ ਵਿੱਚੋਂ ਨਿਕਲਦੀ ਹੈ। ਇਹਨਾਂ ਦੀ ਗਿਣਤੀ 5 ਹੈ।

ਙ ਞ ਣ ਨ ਮ

5. **ਦੁੱਤ ਅੱਖਰ :-** ਜੋ ਅੱਖਰ ਦੋ ਅੱਖਰਾਂ ਦੇ ਮੇਲ ਤੋਂ ਬਣਦਾ ਹੈ, ਦੁੱਤ ਅੱਖਰ ਅਖਵਾਉਂਦਾ ਹੈ। ਇਹਨਾਂ ਦੋਵਾਂ ਅੱਖਰਾਂ ਵਿੱਚੋਂ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ। ਦੋਵੇਂ ਅੱਖਰ ਮਿਲ ਕੇ ਇੱਕੋ ਅਵਾਜ਼ ਪੈਦਾ ਕਰਦੇ ਹਨ। ਇਹਨਾਂ ਦੀ ਗਿਣਤੀ 3 ਹੈ।

ਹ ਰ ਵ

6. **ਲਗਾਂ :-** ਸਵਰ ਧੁਨੀਆਂ ਨੂੰ ਅੰਕਿਤ ਕਰਨ ਵਾਲੇ ਚਿੰਨ੍ਹ ਲਗਾਂ ਅਖ-ਵਾਉਂਦੇ ਹਨ। ਇਹਨਾਂ ਦੀ ਵਰਤੋਂ ਅੱਖਰਾਂ ਨਾਲ ਕੀਤੀ ਜਾਂਦੀ ਹੈ। ਅੱਖਰਾਂ ਤੋਂ ਬਿਨਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਇਹਨਾਂ ਦੀ ਗਿਣਤੀ 10 ਹੈ।

ਮੁਕਤਾ ----- ਕੋਈ ਚਿੰਨ੍ਹ ਨਹੀਂ
ਕੰਨਾ ------ ਾ
ਸਿਹਾਰੀ ---- ਿ
ਬਿਹਾਰੀ ---- ੀ
ਔਂਕੜ ----- ੁ
ਦੁਲੈਂਕੜ ---- ੂ
ਲਾਂ ------- ੇ
ਦੁਲਾਵਾਂ ---- ੈ
ਹੋੜਾ ------ ੋ
ਕਨੌੜਾ ----- ੌ

7. **ਲਗਾਖਰ** :- ਜਿਹੜੇ ਚਿੰਨ੍ਹ ਲਗਾਂ ਦੇ ਨਾਲ ਵਰਤੇ ਜਾਂਦੇ ਹਨ, ਉਹਨਾਂ ਨੂੰ ਲਗਾਖਰ ਆਖਦੇ ਹਨ। ਇਹਨਾਂ ਦੀ ਗਿਣਤੀ 3 ਹੈ।

ਬਿੰਦੀ --- ਂ
ਟਿੱਪੀ --- ੰ
ਅਧਕ --- ੱ

**ਪਰਿਭਾਸ਼ਾ :-**
ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਸਾਡੇ ਆਲੇ ਦੁਆਲੇ ਕੋਈ ਨਾ ਕੋਈ ਕੰਮ ਚੱਲ ਰਿਹਾ ਹੁੰਦਾ ਹੈ ਜਾਂ ਕੋਈ ਕਿਰਿਆ ਹੁੰਦੀ ਅਸੀਂ ਵੇਖਦੇ ਹਾਂ, ਇਹਨਾਂ ਕਿਰਿਆਵਾਂ ਲਈ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਵਿਆਕਰਨ ਵਿੱਚ ਕਿਰਿਆ ਕਿਹਾ ਜਾਂਦਾ ਹੈ। ਜਿਵੇਂ :- ਖੇਡਣਾ, ਦੌੜਨਾ, ਬੋਲਣਾ, ਖਾਣਾ, ਲਿਖਣਾ, ਹੱਸਣਾ ਆਦਿ।

**ਕਰਤਾ :-** ਕੰਮ ਕਰਨ ਵਾਲੇ ਨੂੰ ਕਰਤਾ ਕਿਹਾ ਜਾਂਦਾ ਹੈ।
**ਕਰਮ :-** ਕਿਰਿਆ ਦਾ ਪ੍ਰਭਾਵ ਜਿਸ 'ਤੇ ਪੈਂਦਾ ਹੈ ਉਸ ਨੂੰ ਕਰਮ ਕਹਿੰਦੇ ਹਨ।

**ਕਰਤਾ ਅਤੇ ਕਰਮ ਦੇ ਸੰਬੰਧ ਅਨੁਸਾਰ ਕਿਰਿਆ 2 ਪ੍ਰਕਾਰ ਦੀ ਹੁੰਦੀ ਹੈ :-**
1. ਅਕਰਮਕ ਕਿਰਿਆ
2. ਸਕਰਮਕ ਕਿਰਿਆ

**1. ਅਕਰਮਕ ਕਿਰਿਆ :-** ਜਦੋਂ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾਂ ਹੋਵੇ, ਉਸਨੂੰ ਅਕਰਮਕ ਕਿਰਿਆ ਕਹਿੰਦੇ ਹਨ। ਜਿਵੇਂ :-

(ੳ) ਮੋਹਨ ਗਾ ਰਿਹਾ ਹੈ।
(ਅ) ਮੁੰਡਾ ਭੱਜਦਾ ਹੈ।
(ੲ) ਪੱਖਾ ਚੱਲਦਾ ਹੈ।




ਇਹਨਾਂ ਵਾਕਾਂ ਵਿੱਚ 'ਮੋਹਨ', 'ਮੁੰਡਾ', 'ਪੱਖਾ' ਕਰਤਾ ਹਨ। 'ਗਾ ਰਿਹਾ ਹੈ', 'ਭੱਜਦਾ ਹੈ', 'ਚੱਲਦਾ ਹੈ' ਅਕਰਮਕ ਕਿਰਿਆਵਾਂ ਹਨ।

**2. ਸਕਰਮਕ ਕਿਰਿਆ :-** ਜਦੋਂ ਵਾਕ ਵਿੱਚ ਕਰਤਾ ਤੇ ਕਰਮ ਦੋਵੇਂ ਹੋਣ, ਉਸਨੂੰ ਸਕਰਮਕ ਕਿਰਿਆ ਕਹਿੰਦੇ ਹਨ। ਜਿਵੇਂ :-

(ੳ) ਮੋਹਨ ਗੀਤ ਗਾ ਰਿਹਾ ਹੈ।
(ਅ) ਮੁੰਡਾ ਫੁੱਟਬਾਲ ਖੇਡਦਾ ਹੈ।
(ੲ) ਰਜਿੰਦਰ ਰੋਟੀ ਖਾਂਦਾ ਹੈ।

ਇਹਨਾਂ ਵਾਕਾਂ ਵਿੱਚ 'ਮੋਹਨ', 'ਮੁੰਡਾ', 'ਰਜਿੰਦਰ' ਕਰਤਾ ਹਨ। 'ਗੀਤ','ਫੁੱਟਬਾਲ','ਰੋਟੀ' ਕਰਮ ਹਨ। 'ਗਾ ਰਿਹਾ ਹੈ', ਹੈ', 'ਖਾਂਦਾ ਹੈ' ਸਕਰਮਕ ਕਿਰਿਆਵਾਂ ਹਨ।

ਪਰਿਭਾਸ਼ਾ :-
ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਨਾਲ ਆ ਕੇ ਉਸਦੀ ਵਿਸ਼ੇਸ਼ਤਾ ਪ੍ਰਗਟ ਕਰਨ, ਉਹਨਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :-

(ੳ) ਸੁਸ਼ੀਲ ਗੋਰਾ ਹੈ।
(ਅ) ਸੇਬ ਤਾਜ਼ੇ ਹਨ।
(ੲ) ਤਾਜ-ਮਹੱਲ ਬਹੁਤ ਸੋਹਣਾ ਹੈ।

ਇਹਨਾਂ ਵਾਕਾਂ ਵਿੱਚ 'ਗੋਰਾ', 'ਤਾਜ਼ੇ', 'ਬਹੁਤ ਸੋਹਣਾ' ਵਿਸ਼ੇਸ਼ਣ ਸ਼ਬਦ ਹਨ।

(ੲ) ਤਾਜ-ਮਹੱਲ ਬਹੁਤ ਸੋਹਣਾ ਹੈ।

ਇਹਨਾਂ ਵਾਕਾਂ ਵਿੱਚ 'ਗੋਰਾ', 'ਤਾਜ਼ੇ', 'ਬਹੁਤ ਸੋਹਣਾ' ਵਿਸ਼ੇਸ਼ਣ ਸ਼ਬਦ ਹਨ।

**ਵਿਸ਼ੇਸ਼ਣ 5 ਪ੍ਰਕਾਰ ਦੇ ਹੁੰਦੇ ਹਨ :-**

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀਂ ਵਿਸ਼ੇਸ਼ਣ

**1. ਗੁਣਵਾਚਕ ਵਿਸ਼ੇਸ਼ਣ :-** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ ਆ ਕੇ ਉਸਦਾ ਗੁਣ ਜਾਂ ਔਗੁਣ ਪ੍ਰਗਟ ਕਰੇ, ਉਸਨੂੰ ਗੁਣਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਗੋਰਾ ਮੁੰਡਾ, ਸੁੰਦਰ ਇਮਾਰਤ।

**2. ਸੰਖਿਆਵਾਚਕ ਵਿਸ਼ੇਸ਼ਣ :-** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਸੰਖਿਆ, ਭਾਰ ਜਾਂ ਗਿਣਤੀ ਦਾ ਗਿਆਨ ਦਿੰਦਾ ਹੈ। ਉਸਨੂੰ ਸੰਖਿਆਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਸੱਤ ਕਿਤਾਬਾਂ, ਪੰਜਾਹ ਰੁਪਏ, ਦੋ ਮੀਟਰ ਕੱਪੜਾ ਆਦਿ।

**3. ਪਰਿਮਾਣਵਾਚਕ ਵਿਸ਼ੇਸ਼ਣ :-** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਮਿਣਤੀ, ਮਾਪ ਜਾਂ ਤੋਲ ਦਾ ਗਿਆਨ ਦਿੰਦਾ ਹੈ। ਉਸਨੂੰ ਪਰਿਮਾਣਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਬਹੁਤ ਭਾਰਾ, ਥੋੜ੍ਹਾ ਪਾਣੀ, ਕਾਫੀ ਕੰਮ ਆਦਿ।

**4. ਨਿਸ਼ਚੇਵਾਚਕ ਵਿਸ਼ੇਸ਼ਣ :-** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਵੱਲ ਨਿਸ਼ਚੇ ਪੂਰਵਕ ਇਸ਼ਾਰਾ ਕਰੇ ਅਤੇ ਉਸਨੂੰ ਖਾਸ ਬਣਾਵੇ। ਉਸਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਇਹ ਮੁੰਡਾ, ਅਹੁ ਇਮਾਰਤ।

**5. ਪੜਨਾਂਵੀਂ ਵਿਸ਼ੇਸ਼ਣ :-** ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ ਨਾਲ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰੇ, ਉਸਨੂੰ ਪੜਨਾਂਵੀਂ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਜੋ ਮੁੰਡਾ, ਮੇਰਾ ਕੁੜਤਾ।

**ਪਰਿਭਾਸ਼ਾ :-**
ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ ਜਾਂ ਢੰਗ ਦੱਸੇ, ਉਸਨੂੰ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇ :-

(ੳ) ਸੁਮਨ ਹੌਲੀ ਤੁਰਦੀ ਹੈ।
(ਅ) ਹਰਮਨ ਤੇਜ਼ ਭੱਜਦਾ ਹੈ।
(ੲ) ਕਮਲ ਉੱਚੀ ਹੱਸਦਾ ਹੈ।

ਇਹਨਾਂ ਵਾਕਾਂ ਵਿੱਚ 'ਹੌਲੀ', 'ਤੇਜ਼', 'ਉੱਚੀ' ਸ਼ਬਦ ਕਿਰਿਆ-ਵਿਸ਼ੇਸ਼ਣ ਹਨ।

**ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹੁੰਦੇ ਹਨ :-**
1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

**1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ :-** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ ਦੱਸਦੇ ਹਨ, ਉਹਨਾਂ ਨੂੰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਕੱਲ੍ਹ, ਪਰਸੋਂ, ਠਹਿਰ ਕੇ, ਹੁਣੇ, ਸਵੇਰੇ-ਸਵੇਰੇ, ਕਦੇ-ਕਦੇ ਆਦਿ।

**2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ :-** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਥਾਨ ਦੱਸਦੇ ਹਨ, ਉਹਨਾਂ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਉੱਪਰ, ਅੱਗੇ, ਅੰਦਰ, ਬਾਹਰ, ਘਰੇ, ਰਸਤੇ ਵਿੱਚ, ਸੱਜੇ ਆਦਿ।

2. **ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਥਾਨ ਦੱਸਦੇ ਹਨ, ਉਹਨਾਂ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਉੱਪਰ, ਅੱਗੇ, ਅੰਦਰ, ਬਾਹਰ, ਘਰੇ, ਰਸਤੇ ਵਿੱਚ, ਸੱਜੇ ਆਦਿ।

3. **ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਢੰਗ ਜਾਂ ਪ੍ਰਕਾਰ ਦੱਸਦੇ ਹਨ, ਉਹਨਾਂ ਨੂੰ ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਇੰਞ, ਇਸ ਤਰ੍ਹਾਂ, ਹੌਲੀ, ਭੱਜ ਕੇ ਆਦਿ।

4. **ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਕਾਰਨ ਦੱਸਦੇ ਹਨ, ਉਹਨਾਂ ਨੂੰ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਇਸ ਲਈ, ਤਾਂ ਕਰਕੇ, ਕਿਉਂਕਿ ਆਦਿ।

5. **ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੀ ਮਿਣਤੀ, ਮਿਕਦਾਰ ਜਾਂ ਪਰਿਮਾਣ ਦੱਸਦੇ ਹਨ, ਉਹਨਾਂ ਨੂੰ ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਥੋੜ੍ਹਾ, ਕਾਫ਼ੀ, ਏਨਾਂ, ਭੋਰਾ ਕੁ, ਜ਼ਰਾ ਕੁ ਆਦਿ।

6. **ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੀ ਗਿਣਤੀ ਜਾਂ ਦੁਹਰਾਅ ਦੱਸਦੇ ਹਨ, ਉਹਨਾਂ ਨੂੰ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਦੁਬਾਰਾ, ਵਾਰ-ਵਾਰ, ਇੱਕ-ਇੱਕ, ਦੋ-ਦੋ ਆਦਿ।

7. **ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦ ਕਿਰਿਆ ਦੇ ਹੋਣ ਜਾਂ ਨਾਂ ਹੋਣ ਦਾ ਨਿਰਨਾ ਕਰਦੇ ਹਨ, ਉਹਨਾਂ ਨੂੰ ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਹਾਂ ਜੀ, ਠੀਕ ਹੈ ਜੀ, ਚੰਗਾ ਜੀ ਆਦਿ।

8. **ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ** :- ਜਿਹੜੇ ਸ਼ਬਦਾਂ ਤੋਂ ਕਿਰਿਆ ਬਾਰੇ ਨਿਸ਼ਚੇ ਜਾਂ ਵਿਸ਼ਵਾਸ਼ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਪੱਕਾ, ਜ਼ਰੂਰ, ਬਿਲਕੁਲ ਆਦਿ।

Title

ਚਾਰਟ ਕੇਵਲ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਣਾਉਣੇ ਹਨ



ਪਿਆਸਾ ਕਾਂ
ਭਾਗ = ਪਹਿਲਾ
ਭਾਗ = ਦੂਜਾ
ਭਾਗ = ਤੀਜਾ
ਭਾਗ = ਚੋਥਾ

Learn Punjabi with Jagjeet Sir


www.LearnPunjabiOnline.com

LEARN PUNJABI WITH JAGJEET SIR

DONATE US www.learnpunjabionline.com/donate


Learn Punjabi with Jagjeet Sir